ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਸ.ਅ.ਸ.ਨਗਰ

ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਜ-8 ਸ.ਅ.ਸ. ਨਗਰ

(ਅਮਲਾ-1 ਸਾਖਾ)

2025600084
24-4-25
m-6

ਸੇਵਾ ਵਿਖੇ,

ਪੰਜਾਬ ਰਾਜ ਦੇ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)

ਮੀਮੋ ਨੰ. 562562/ਅ-1(6)/ 2025101714
ਮਿਤੀ, ਸ.ਅ.ਸ.ਨਗਰ- 16/4/25

ਵਿਸ਼ਾ: ਪੰਜਾਬ ਸਿੱਖਿਆ ਵਿਭਾਗ ਵੱਲੋਂ 74 ਲੈਕਚਰਾਰ ਫਿਜੀਕਲ ਐਜੂਕੇਸ਼ਨ ਦੀ ਅਸਾਮੀਆਂ ਲਈ ਮਿਤੀ 30.12.2016 ਨੂੰ ਜਾਰੀ ਕੀਤੇ ਇਸ਼ਤਿਹਾਰ ਅਨੁਸਾਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਵੱਲੋਂ ਪ੍ਰਾਪਤ ਸਿਲੈਕਸ਼ਨ ਸੂਚੀਆਂ ਦੇ ਅਧਾਰ ਤੇ ਚੁਣੇ ਗਏ ਉਮੀਦਵਾਰਾ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ।

ਉਕਤ ਵਿਸ਼ੇ ਅਤੇ ਹਵਾਲਾ ਅਧੀਨ ਹੁਕਮਾਂ ਦੇ ਸਬੰਧ ਵਿੱਚ ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ 5096 ਆਫ 2020 ਦੇ ਚਲਦੇ 873 ਡੀ.ਪੀ.ਈ. ਦੀਆਂ ਪੋਸਟਾ ਵਿਚ ਫੀਮੇਲ ਉਮੀਦਵਾਰਾ ਨੂੰ ਨਿਯੁਕਤੀ ਪੱਤਰ ਜਾਰੀ ਕਰਨ ਦੇ ਜੋ ਹੁਕਮ ਕੀਤੇ ਗਏ ਸਨ, ਉਹ ਹੁਕਮ 74 ਲੈਕਚਰਾਰ ਫਿਜੀਕਲ ਐਜੂਕੇਸ਼ਨ ਦੀ ਭਰਤੀ ਤੇ ਵੀ ਲਾਗੂ ਹੁੰਦੇ ਸਨ, ਕਿਉਂਜੋ ਸਿਵਲ ਰਿੱਟ ਪਟੀਸ਼ਨ ਨੰ. 6290 ਆਫ 2020 ਅਤੇ ਸਿਵਲ ਰਿੱਟ ਪਟੀਸ਼ਨ ਨੰ 5096 ਆਫ 2020 ਸਿਮੀਲਰ ਨੇਚਰ ਦੇ ਸਨ ਅਤੇ ਆਪਸ ਵਿਚ ਕਲੱਬ ਸਨ। ਇਨ੍ਹਾਂ ਹੁਕਮਾਂ ਦੇ ਸਨਮੁਖ ਪੰਜਾਬ ਸਿੱਖਿਆ ਵਿਭਾਗ ਵੱਲੋਂ 74 ਲੈਕਚਰਾਰ ਫਿਜੀਕਲ ਐਜੂਕੇਸ਼ਨ ਦੀ ਅਸਾਮੀਆਂ ਲਈ ਮਿਤੀ 30.12.2016 ਨੂੰ ਜਾਰੀ ਕੀਤੇ ਇਸ਼ਤਿਹਾਰ ਅਨੁਸਾਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਵੱਲੋਂ ਮੀਮੋ ਨੰ: 3/5-2016 ਭ.ਡ.(1)/202062445 ਮਿਤੀ 17.02.2020 ਰਾਹੀਂ ਪ੍ਰਾਪਤ ਸਲੈਕਸ਼ਨ ਸੂਚੀ ਦੇ ਆਧਾਰ ਤੇ ਬਤੌਰ ਲੈਕਚਰਾਰ ਫਿਜੀਕਲ ਐਜੂਕੇਸ਼ਨ ਚੁਣੇ ਜਾਣ ਪੰਜਾਬ ਤੇ ਵਿੱਤ ਵਿਭਾਗ ਦੇ ਪੱਤਰ ਨੰ. 7/42/2020-5ਐਫ.ਪੀ.1/741-746 ਮਿਤੀ 17.07.2020 ਅਤੇ ਸਿੱਖਿਆ ਵਿਭਾਗ ਪੰਜਾਬ ਦੀ ਨੋਟੀਫਿਕੇਸ਼ਨ ਨੰ. 13/01/2020-5ਸਿ7/277 ਮਿਤੀ 21.10.2020 ਤਹਿਤ ਦਿੱਤੇ ਗਏ ਪੇ-ਸਕੇਲ (ਪੇ-ਮੈਟ੍ਰਿਕਸ) ਅਨੁਸਾਰ ਰੁ: 35400/- ਸਕੇਲ ਵਿੱਚ ਸਰਕਾਰ ਦੀ ਅਧਿਸੂਚਨਾ ਨੰ: 7/204/2012-4 ਐਫ.ਪੀ. 1/66 ਮਿਤੀ 15.01.2015 ਰਾਹੀਂ ਕੀਤੇ ਗਏ ਉਪਬੰਧਾਂ ਅਨੁਸਾਰ ਦੋ ਸਾਲ ਦੇ ਪਰਖ ਕਾਲ ਸਮੇਂ ਦੌਰਾਨ ਮੁੱਢਲੀ ਤਨਖਾਹ ਰੁਪਏ 35400/- ਤੇ ਨਿਯੁਕਤ ਕੀਤਾ ਗਏ ਸਨ:-

| | | | | | | |
|---|---|---|---|---|---|---|
| 1 | 60623577 | Navjeet kaur | Karnail Singh | 06.01.1985 | EX.Serviceman(General) | 127 |
| 2 | 507581 | Lakshmi | Tarsem Lal | 24.10.1979 | General (Sports) | A |
| 3 | 60619562 | Sunita Rani | Mani Ram | 01.01.1987 | General (Sports) | A |

ਪਰੰਤੂ ਹੁਣ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ. 6290 ਆਫ 2020 ਦੇ ਫ਼ੈਸਲੇ ਮਿਤੀ 19.09.2024 ਦੇ ਸਨਮੁਖ ਰੁਕੇ ਹੋਏ ਉਮੀਦਵਾਰਾਂ ਨੂੰ ਮਿਤੀ 20.02.2020 ਤੋਂ ਨੋਸ਼ਨਲ ਬੈਨਿਫਿਟ ਦਿੰਦੇ ਹੋਏ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਨੰ. 7/204/2012-4ਐਫ.ਪੀ. 1/66 ਮਿਤੀ 15.01.2015 ਅਤੇ ਸਿੱਖਿਆ ਵਿਭਾਗ ਵੱਲੋਂ ਜਾਰੀ ਉਪਬੰਧਾ ਤਹਿਤ ਪੁਰਾਣੇ ਤਨਖਾਹ ਸਕੇਲ ਦਿੰਦੇ ਹੋਏ ਨਿਯੁਕਤੀ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ, ਇਸਲਈ ਉਕਤ ਦਰਸਾਈਆਂ 3 ਫੀਮੇਲ ਕਰਮਚਾਰਨਾਂ ਨੂੰ ਵੀ ਬਾਕੀ ਉਮੀਦਵਾਰਾਂ ਦੀ ਤਰ੍ਹਾਂ ਹੀ ਮਿਤੀ 20.02.2020 ਤੋਂ ਨੋਸ਼ਨਲ ਬੈਨਿਫਿਟ ਦਿੰਦੇ ਹੋਏ ਪੁਰਾਣੇ ਸਕੇਲ ਦਿੱਤੇ ਜਾਣੇ ਬਣਦੇ ਹਨ।

ਉਕਤ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

ਸਹਾਇਕ ਡਾਇਰੈਕਟਰ (ਅਮਲਾ-1)

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ ਨਗਰ
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ ਨਗਰ
(ਅਮਲਾ-1 ਸ਼ਾਖਾ)

## ਨੋਟਿਸ

ਮਿਤੀ: 16.04.2025

1.0 ਪੰਜਾਬ ਸਿੱਖਿਆ ਵਿਭਾਗ ਵੱਲੋਂ 74 ਲੈਕਚਰਾਰ ਫਿਜੀਕਲ ਐਜੂਕੇਸ਼ਨ ਦੀਆਂ ਅਸਾਮੀਆਂ ਲਈ ਮਿਤੀ 30.12.2016 ਨੂੰ ਜਾਰੀ ਕੀਤੇ ਇਸ਼ਤਿਹਾਰ ਅਨੁਸਾਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਵੱਲੋਂ ਪ੍ਰਾਪਤ ਸਿਲੈਕਸ਼ਨ ਸੂਚੀਆਂ ਦੇ ਅਧਾਰ ਤੇ ਚੁਣੇ ਗਏ ਉਮੀਦਵਾਰਾਂ ਨੂੰ ਨਿਯੁੱਕਤੀ ਪੱਤਰ ਜਾਰੀ ਕੀਤੇ ਗਏ ਸਨ। ਇਸ ਉਪਰੰਤ ਮਾਨਯੋਗ ਹਾਈਕੋਰਟ ਵੱਲੋਂ ਸਿਵਲ ਰਿਟ ਪਟੀਸ਼ਨ 6290 ਆਫ 2020- ਪਰਦੀਪ ਕੌਰ ਬਨਾਮ ਪੰਜਾਬ ਸਰਕਾਰ ਤੇ ਇਕ ਹੋਰ ਦੇ ਚਲਦੇ ਕੇਸ ਵਿੱਚ ਅਤਿਰਮ ਹੁਕਮਾਂ ਦੇ ਅਧਾਰ ਤੇ ਰਹਿੰਦੇ ਉਮੀਦਵਾਰਾਂ ਨੂੰ ਨਿਯੁੱਕਤੀ ਪੱਤਰ ਜਾਰੀ ਨਹੀਂ ਕੀਤੇ ਗਏ ਸਨ। ਇਸ ਕੇਸ ਵਿੱਚ ਮਾਨਯੋਗ ਹਾਈਕੋਰਟ ਵੱਲੋਂ ਮਿਤੀ 19.09.2024 ਨੂੰ ਫੈਸਲਾ ਹੋਣ ਉਪਰੰਤ ਬਾਕੀ ਰਹਿੰਦੇ ਉਮੀਦਵਾਰਾਂ ਨੂੰ ਨਿਯੁਕਤੀ ਪੇਸ਼ਕਸ਼ ਪੱਤਰ ਜਾਰੀ ਕਰਨ ਦਾ ਫੈਸਲਾ ਕੀਤਾ ਗਿਆ।

2.0 ਉਕਤ ਦੇ ਸਬੰਧ ਵਿੱਚ Education recruitment board ਦੀ ਵੈੱਬਸਾਈਟ ਤੇ ਪਬਲਿਸ਼ ਕੀਤੇ ਗਏ ਨੋਟਿਸ ਮਿਤੀ 04.02.2025 ਰਾਹੀਂ ਕੁੱਲ 9 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਪ੍ਰਾਪਤ ਕਰਨ/ਸਟੇਸ਼ਨ ਚੁਆਇਸ ਕਰਨ ਦੀ ਪੇਸ਼ਕਸ਼ ਕੀਤੀ ਗਈ ਜਿਨ੍ਹਾਂ ਵਿਚੋਂ ਕੇਵਲ 5 ਉਮੀਦਵਾਰ ਹਾਜਰ ਹੋਏ। ਨੋਟਿਸ ਮਿਤੀ 10.02.2025 ਅਨੁਸਾਰ ਉਮੀਦਵਾਰਾਂ ਨੂੰ ਇੱਕ ਹਫਤੇ ਦਾ ਸਮਾਂ ਦਿੰਦੇ ਹੋਏ ਨਿਯੁੱਕਤੀ ਪੇਸ਼ਕਸ਼ ਪੱਤਰ/ਪੋਸਟਿੰਗ ਆਰਡਰ ਕਰਨ ਦਾ ਆਖਰੀ ਮੌਕਾ ਦਿੱਤਾ ਗਿਆ ਸੀ। ਪਰੰਤੂ 02 ਮਹੀਨੇ ਤੋਂ ਵੱਧ ਦਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਹੇਠ ਲਿਖੇ 2 ਉਮੀਦਵਾਰ ਹੁਣ ਤੱਕ ਨਿਯੁਕਤੀ ਪੇਸ਼ਕਸ਼ ਪੱਤਰ ਪ੍ਰਾਪਤ ਕਰਨ/ਸਟੇਸ਼ਨ ਚੁਆਇਸ ਕਰਨ ਲਈ ਹਾਜਰ ਨਹੀ ਹੋਏ-

| | ਰਜਿਸਟ੍ਰੇਸ਼ਨ ਨੰ. | ਨਾਂ | ਪਿਤਾ ਦਾ ਨਾਂ | ਜਨਮ ਮਿਤੀ | ਕੈਟਾਗਰੀ | ਕੁੱਲ ਮਾਰਕਸ |
|---|---|---|---|---|---|---|
| 1 | 60615100 | Sukhchain Singh | Gurnam Singh Kahlon | 12.03.1971 | ESM (GEN) | 133 |
| 2 | 60622232 | Amrik Singh | Gurcharan Singh | 26.11.1989 | General | 202 |

ਉਕਤ ਤੋਂ ਸਪਸ਼ਟ ਹੁੰਦਾ ਹੈ ਕਿ ਇਹ 02 ਉਮੀਦਵਾਰ ਇਸ ਨੌਕਰੀ ਨੂੰ ਪ੍ਰਾਪਤ ਕਰਨ ਲਈ ਦਿਲਚਸਪੀ ਨਹੀ ਰਖਦੇ। ਇਸ ਲਈ ਇਨ੍ਹਾਂ ਉਮੀਦਵਾਰਾਂ ਦੇ ਨਿਯੁਕਤੀ ਪੇਸ਼ਕਸ਼ ਪੱਤਰ/ਪੋਸਟਿੰਗ ਆਰਡਰ ਰੱਦ ਕੀਤੇ ਜਾਂਦੇ ਹਨ।

3.0 ਕੁਲ 7 ਉਮੀਦਵਾਰਾ ਵੱਲੋਂ ਪੋਸਟਿੰਗ ਆਰਡਰ ਪ੍ਰਾਪਤ ਕੀਤੇ ਗਏ ਸਨ। ਜਿਨ੍ਹਾਂ ਉਮੀਦਵਾਰਾਂ ਵੱਲੋਂ ਪੋਸਟਿੰਗ ਆਰਡਰ ਪ੍ਰਾਪਤ ਕੀਤੇ ਗਏ ਸਨ, ਉਨ੍ਹਾ ਦੇ ਪੋਸਟਿੰਗ ਆਰਡਰਾਂ ਦੀ ਸ਼ਰਤ ਨੰ. 7 ਅਨੁਸਾਰ ਉਮੀਦਵਾਰਾ ਨੂੰ 10 ਵਰਕਿੰਗ ਦਿਨਾਂ ਦੇ ਅੰਦਰ-ਅੰਦਰ ਅਲਾਟ ਕੀਤੇ ਗਏ ਸਕੂਲ/ਸਟੇਸ਼ਨ ਤੇ ਹਾਜਰੀ ਦੇਣ ਲਈ ਸਮਾਂ ਬੱਧ ਕੀਤਾ ਗਿਆ ਸੀ। ਪਰੰਤੂ ਇਨ੍ਹਾਂ ਵਿੱਚੋਂ ਕੁੱਝ ਉਮੀਦਵਾਰਾਂ ਵੱਲੋਂ ਹੁਣ ਤਕਰੀਬਨ 2 ਮਹੀਨੇ ਦਾ ਸਮਾ ਬੀਤ ਜਾਣ ਤੋਂ ਬਾਅਦ ਵੀ ਜੁਆਇਨ ਨਹੀ ਕੀਤਾ ਗਿਆ ਹੈ। ਜਿਨ੍ਹਾਂ ਉਮੀਦਵਾਰਾਂ ਵੱਲੋ ਜੁਆਇਨ ਨਹੀ ਕੀਤਾ ਗਿਆ, ਉਨ੍ਹਾਂ ਦੇ ਨਿਯੁਕਤੀ ਪੇਸ਼ਕਸ਼ ਪੱਤਰ/ਪੋਸਟਿੰਗ ਆਰਡਰ ਰੱਦ ਕੀਤੇ ਜਾਂਦੇ ਹਨ।

ਸਹਾਇਕ ਡਾਇਰੈਕਟਰ (ਸ.ਪ੍ਰ.-1)

ਦਫਤਰ- ਜਿ: ਸਿ: ਅਫਸਰ (ਸੈ: ਸਿ:) ਬਠਿੰਡਾ
ਪੰਡੀ ਐਡਰਸ ਨੰ: ਅ-6/ C 7 2025/1418 ਮਿਤੀ 24-4-2025

ਅਗਾਂਹ ਪ੍ਰਿੰਸੀਪਲ ਸਰਕਾਰੀ [illegible] ਬਠਿੰਡਾ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿ: ਸਿ: ਅ: (ਸੈ: ਸਿ:) ਬਠਿੰਡਾ 24/4